# ਸਾਈਂ ਮੀਆਂ ਮੀਰ ਜੀ

ਸਾਈਂ ਮੀਆਂ ਮੀਰ ਜੀ ਦਾ ਜਨਮ ਸੀਸਤਾਨ (ਸਿੰਧ ਪ੍ਰਾਂਤ) ਵਿਖੇ ਸੰਨ 1550 ਈਸਵੀ ਵਿੱਚ ਹੋਇਆ । ਆਪ ਜੀ "ਖਲੀਫ਼ਾ ਉਮਰ" ਦੀ ਵੰਸ਼ ਵਿੱਚੋਂ ਸਨ । ਘੱਟ ਖਾਣਾ, ਥੋੜਾ ਸੌਣਾ ਤੇ ਘੱਟ ਬੋਲਣਾ ਆਪ ਜੀ ਦਾ ਨਿੱਤ ਦਾ ਸੁਭਾਉ ਤੇ ਕਰਮ ਸੀ । ਭੁੱਖਿਆਂ ਨੂੰ ਅੰਨ ਦੇਣਾ ਅਤੇ ਲੋੜਵੰਦਾਂ ਦੀਆਂ ਜ਼ਰੂਰਤਾਂ ਅੱਲ੍ਹਾ ਦੇ ਬਖ਼ਸ਼ੇ ਹੋਏ ਧਨ-ਪਦਾਰਥਾਂ ਨਾਲ ਪੂਰੀਆਂ ਕਰਨ ਵਿੱਚ ਸਾਈਂ ਜੀ ਖ਼ੁਸ਼ੀ ਮਹਿਸੂਸ ਕਰਦੇ ਸਨ । ਆਪ ਜੀ ਬਾਹਰਲੇ ਰਸਮੀ ਕਰਮ-ਕਾਂਡਾਂ ਦੇ ਸਖ਼ਤ ਖ਼ਿਲਾਫ਼ ਸਨ, ਇਸ ਲਈ ਮੁਸਲਿਮ ਪੀਰ ਹੁੰਦਿਆਂ ਹੋਇਆਂ ਵੀ ਆਪ ਜੀ ਤਸਬੀ (ਮਾਲਾ) ਨਹੀਂ ਫੇਰਦੇ ਸਨ ਕਿਉਂਕਿ ਉਹਨਾਂ ਦੇ ਵਿਚਾਰਾਂ ਮੁਤਾਬਿਕ ਜ਼ੁਬਾਨ ਤੇ ਅੱਲ੍ਹਾ ਦਾ ਨਾਮ ਹੋਣਾ ਹੀ ਅਸਲ ਮਾਲਾ ਫੇਰਨੀ ਹੈ । ਆਪ ਜੀ ਕਹਿੰਦੇ ਸਨ "ਦਿਲ ਦੀ ਹਜ਼ੂਰੀ ਤੋਂ ਬਿਨਾਂ ਨਿਮਾਜ਼ ਅਦਾ ਕਰਨੀ ਫ਼ਜ਼ੂਲ ਹੈ ।"

ਸੰਨ 1575 ਈਸਵੀ ਵਿੱਚ ਸਾਈਂ ਜੀ ਲਾਹੌਰ ਆ ਗਏ । ਉਹਨੀਂ ਦਿਨੀ ਪੰਜਾਬ ਵਿੱਚ ਸਿੱਖੀ ਤੇ ਗੁਰਬਾਣੀ ਦਾ ਪ੍ਰਚਾਰ ਤੇ ਪ੍ਰਸਾਰ ਜ਼ੋਰਾਂ ਤੇ ਸੀ । ਅੰਮ੍ਰਿਤਸਰ ਸ਼ਹਿਰ ਦੀ ਉਸਾਰੀ ਆਰੰਭ ਹੋ ਚੁਕੀ ਸੀ । ਸਿੱਖ ਬਾਣੀ ਪੜ੍ਹਦੇ, ਹੱਥੀਂ ਕਾਰ-ਵਿਹਾਰ ਕਰਦੇ ਹੋਏ ਲੋੜਵੰਦਾਂ ਦੀ ਬਾਂਹ ਵੀ ਫੜਦੇ ਸਨ । ਸਾਈਂ ਜੀ ਉੱਤੇ ਸਿੱਖੀ ਦੇ ਇਹਨਾਂ ਗੁਣਾਂ ਦਾ ਬਹੁਤ ਪ੍ਰਭਾਵ ਪਿਆ ਅਤੇ ਆਪ ਜੀ ਗੁਰੂ ਦਰਸ਼ਨਾਂ ਲਈ ਅੰਮ੍ਰਿਤਸਰ ਆਏ ਤੇ ਗੁਰੂ ਘਰ ਦੇ ਸ਼ਰਧਾਲੂ ਬਣ ਗਏ ।

ਸੰਨ 1595 ਈਸਵੀ ਵਿੱਚ ਮੀਂਹ ਨਾ ਪੈਣ ਕਰਕੇ ਕਾਲ ਪੈ ਗਿਆ ਅਤੇ ਤਿੰਨ ਸਾਲ ਹਾਲਾਤ ਇਸੇ ਤਰ੍ਹਾਂ ਹੀ ਰਹੇ । ਲੋਕੀਂ ਭੁੱਖੇ ਮਰਨ ਲਗ ਪਏ । ਪਿੰਡਾਂ ਦੇ ਲੋਕ ਫਿਰ ਵੀ ਥੋੜਾ ਬਹੁਤ ਸੰਭਲ ਗਏ, ਪਰ ਸ਼ਹਿਰ ਵਾਸੀਆਂ ਵਾਸਤੇ ਬਹੁਤ ਮੁਸੀਬਤਾਂ ਦਾ ਸਮਾਂ ਆ ਗਿਆ । ਜਿਸ ਕਰਕੇ ਲਾਹੌਰ ਵਿੱਚ ਭੁੱਖ-ਮਰੀ, ਚੇਚਕ ਦੀ ਬੀਮਾਰੀ ਆਦਿਕ ਫ਼ੈਲ ਗਈਆਂ । ਗੁਰੂ ਅਰਜਨ ਸਾਹਿਬ ਜੀ ਪਰਿਵਾਰ ਸਹਿਤ ਅਤੇ ਗੁਰਸਿੱਖਾਂ ਨੂੰ ਨਾਲ ਲੈਕੇ ਸੰਨ 1598 ਈਸਵੀ ਵਿੱਚ ਲਾਹੌਰ ਆ ਗਏ । ਇਸ ਤੋਂ ਪਹਿਲਾਂ ਗੁਰੂ ਸਾਹਿਬ ਜੀ ਲੋਕ ਭਲਾਈ ਲਈ ਪਿੰਡਾਂ ਵਿੱਚ ਗਏ, ਥਾਂ-ਥਾਂ ਤੇ ਖੂਹ ਲਗਵਾਏ । ਛੇਹਰਟਾ ਸਾਹਿਬ (6 ਹਰਟਾਂ ਵਾਲਾ ਖੂਹ) ਵੀ ਇਸੇ ਸਮੇਂ ਹੀ ਲਗਾਇਆ ਗਿਆ । ਇਸ ਸਮੇਂ ਸਾਈਂ ਜੀ ਨੇ ਵੇਖਿਆ ਕਿ ਗੁਰੂ ਸਾਹਿਬ ਜੀ ਆਪ ਵੀ ਮੁਰਦੇ ਢੋਅ-ਢੋਅ ਕੇ ਉਹਨਾਂ ਨੂੰ ਸਾੜਨ ਜਾਂ ਦਫ਼ਨਾਉਣ ਦਾ ਕੰਮ ਕਰ ਰਹੇ ਸਨ । ਇਹ ਵੇਖ ਕੇ ਸਾਈਂ ਮੀਆਂ ਮੀਰ ਜੀ ਦੇ ਮਨ ਵਿੱਚ ਗੁਰੂ ਸਾਹਿਬ ਜੀ ਪ੍ਰਤੀ ਸ਼ਰਧਾ ਤੇ ਸਤਿਕਾਰ ਹੋਰ ਵੀ ਵੱਧ ਗਿਆ ।

ਸਾਈਂ ਮੀਆਂ ਮੀਰ ਜੀ ਗੁਰਬਾਣੀ ਦੇ ਰਸੀਏ ਅਤੇ ਕੀਰਤਨ ਦੇ ਬਹੁਤ ਸ਼ੌਕੀਨ ਸਨ । ਆਪ ਜੀ ਆਪਣੇ ਉਪਦੇਸ਼ਾਂ ਵਿੱਚ ਅਕਸਰ ਗੁਰਬਾਣੀ ਦੇ ਉਦਾਹਰਣ ਦਿੱਤਾ ਕਰਦੇ ਸਨ । ਇਹ ਉਦਾਹਰਣਾਂ ਸਾਨੂੰ ਆਪਣਾ ਜੀਵਨ ਸੁਆਰਣ ਲਈ ਚਾਨਣ-ਮੁਨਾਰੇ ਦਾ ਕੰਮ ਦਿੰਦੀਆਂ ਹਨ । ਸਾਈਂ ਮੀਆਂ ਮੀਰ ਜੀ ਦਾ ਜੀਵਨ ਇਤਨਾ ਉੱਚਾ-ਸੁੱਚਾ ਸੀ ਕਿ ਗੁਰੂ ਅਰਜਨ ਸਾਹਿਬ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਨੀਂਹ ਰੱਖਣ ਸਮੇਂ ਸਾਈਂ ਮੀਆਂ ਮੀਰ ਜੀ ਨੂੰ ਮਾਣ ਬਖ਼ਸ਼ ਕੇ ਨੀਂਹ ਉਹਨਾਂ ਪਾਸੋਂ ਰਖਵਾਈ । ਜਨੂੰਨੀ ਮੁਸਲਮਾਨਾਂ ਦੇ ਕਹਿਣ ਤੇ ਜਹਾਂਗੀਰ ਲਾਹੌਰ ਵਿਖੇ ਤਿੰਨ ਫ਼ੁਰਮਾਣ ਜਾਰੀ ਕਰਕੇ ਆਪ ਉੱਥੋਂ ਚਲਾ ਗਿਆ ਸੀ । ਇਹ ਫ਼ੁਰਮਾਣ ਸਨ : ਗੁਰੂ ਅਰਜਨ ਸਾਹਿਬ ਜੀ ਨੂੰ ਯਾਸਾ ਮੁਤਾਬਿਕ ਅਸਹਿ ਤੇ ਅਕਹਿ ਕਸ਼ਟ ਦੇ ਕੇ ਸ਼ਹੀਦ ਕਰ ਦਿੱਤਾ ਜਾਵੇ, ਗੁਰੂ ਪਰਿਵਾਰ ਨੂੰ ਕੈਦ ਕੀਤਾ ਜਾਵੇ ਅਤੇ ਗੁਰੂ ਘਰ ਦੀ ਜਾਇਦਾਦ ਜ਼ਬਤ ਕਰ ਲਈ ਜਾਵੇ । ਜਦੋਂ ਗੁਰੂ ਅਰਜਨ ਸਾਹਿਬ ਜੀ ਨੂੰ ਅਸਿਹ ਤੇ ਅਕਹਿ ਤਸੀਹੇ ਦੇ ਕੇ 30 ਮਈ ਸੰਨ 1606 ਈਸਵੀ ਨੂੰ ਸ਼ਹੀਦ ਤਾਂ ਕਰ ਦਿੱਤਾ ਗਿਆ ਪਰ ਸਾਈਂ ਮੀਆਂ ਮੀਰ ਜੀ ਅਤੇ ਹੋਰ ਨਿਕਟਵਰਤੀ ਗੁਰੂ ਸਾਹਿਬ ਜੀ ਦੇ ਸ਼ਰਧਾਲੂ ਸਿੱਖਾਂ ਦੇ ਜਾਹੋ-ਜਲਾਲ ਨੂੰ ਵੇਖ ਕੇ ਹਕੂਮਤ ਬਾਕੀ ਦੇ ਦੋ ਫ਼ੁਰਮਾਣ ਉਸ ਸਮੇਂ ਲਾਗੂ ਕਰਨ ਦੀ ਜ਼ੁਰਅਤਿ ਨਾ ਕਰ ਸਕੀ ।

ਇੱਕ ਵਾਰ ਜਦੋਂ ਬਾਦਸ਼ਾਹ ਜਹਾਂਗੀਰ ਨੂੰ ਸਾਈਂ ਜੀ ਨੇ ਪੂਰਨ-ਪੁਰਸ਼ ਦੇ ਲੱਛਣ ਦੱਸੇ ਤਾਂ ਬਾਦਸ਼ਾਹ ਜਹਾਂਗੀਰ ਨੇ ਪੁੱਛਿਆ ਕਿ ਐਸਾ ਪੂਰਨ-ਪੁਰਸ਼ ਕੌਣ ਹੋ ਸਕਦਾ ਹੈ ਤਾਂ ਸਾਈਂ ਜੀ ਨੇ ਕਿਹਾ ਕਿ ਗੁਰੂ ਅਰਜਨ ਸਾਹਿਬ ਜੀ ਹੀ ਐਸੇ ਪੂਰਨ-ਪੁਰਸ਼ ਸਨ ਜਿਹਨਾਂ ਨੂੰ ਤੇਰੀ ਗ਼ਲਤ ਨੀਤੀ ਦਾ ਸ਼ਿਕਾਰ ਹੋਣਾ ਪਿਆ ਹੈ । ਉਹਨਾਂ ਦੀ ਥਾਵੇਂ ਹੁਣ ਗੁਰੂ ਹਰਿਗੋਬਿੰਦ ਸਾਹਿਬ ਜੀ ਹਨ । ਸਾਈਂ ਜੀ ਦੀਆਂ ਗੁਰੂ ਸਾਹਿਬਾਨ ਪ੍ਰਤੀ ਸ਼ਰਧਾ ਤੇ ਸਤਿਕਾਰ ਭਰੀਆਂ ਗੱਲਾਂ ਨੇ ਛੇਵੇਂ ਪਾਤਸ਼ਾਹ ਦੀ ਗ਼ਵਾਲੀਅਰ ਦੇ ਕਿਲ੍ਹੇ ਵਿੱਚੋਂ ਰਿਹਾਈ ਵਾਸਤੇ ਵੀ ਅਹਿਮ ਰੋਲ ਅਦਾ ਕੀਤਾ ਹੈ । ਇਸ ਤਰ੍ਹਾਂ ਸਾਈਂ ਜੀ ਨੇ 'ਬਾਬੇ ਕਿਆਂ ਅਤੇ ਬਾਬਰ ਕਿਆਂ' ਨੂੰ ਮਿਲਾਉਣ ਵਿੱਚ ਅਹਿਮ ਰੋਲ ਅਦਾ ਕੀਤਾ । ਐਸੇ ਮਹਾਨ ਜੀਵਨ ਵਾਲੇ ਸਾਈਂ ਮੀਆਂ ਮੀਰ ਜੀ 11 ਅਗਸਤ ਸੰਨ 1635 ਈਸਵੀ ਨੂੰ ਲਾਹੌਰ ਵਿਖੇ ਅਕਾਲ ਚਲਾਣਾ ਕਰ ਗਏ ।